# PUNJABI

# ਪੰਜਾਬੀ

# TMA

# 310

**(Senior Secondary)**

ਕੁਲ ਅੰਕ : 20
**MM. : 20**

**ਨੋਟ :** (i) ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣਾ ਲਾਜ਼ਮੀ ਹੈ।
(ii) ਉੱਤਰ ਪੁਸਤਿਕਾ ਦੇ ਪਹਿਲੇ ਪੰਨੇ ਦੇ ਉਪਰ ਵੱਲ ਨੂੰ ਆਪਣਾ ਨਾਂ, ਰੋਲ ਨੰਬਰ, ਅਧਿਅਨ ਕੇਂਦਰ ਦਾ ਨਾਂ, ਵਿਸ਼ਾ ਆਦਿ ਸਪਸ਼ਟ ਸ਼ਬਦਾਂ ਵਿੱਚ ਲਿਖੋ।

**Note :** (i) All Qustions are compulsory
(ii) Write your Enrolmenr number. AI Name and Subject etc. on the top of the first page of the Answer Sheet

ਪ੍ਰ.1. **ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ —** (2)

ਤੁਸੀਂ ਲਿਖਦੇ ਸਮੇਂ ਵੱਖ-ਵੱਖ ਵਾਕਾਂ ਜਿਵੇਂ ਸੰਯੁਕਤ, ਮਿਸ਼ਰਤ, ਸਾਧਾਰਨ, ਗੁੰਝਲਦਾਰ ਆਦਿ ਵਾਕਾਂ ਨੂੰ ਪੜ੍ਹਦੇ ਅਤੇ ਲਿਖਦੇ ਹੋ। ਇਸੇ ਤਰ੍ਹਾਂ ਵੱਖ-ਵੱਖ ਵਾਕਾਂ ਦੀ ਪਰਿਭਾਸ਼ਾ ਦਿੰਦੇ ਹੋਏ ਬਿਆਨੀਆ ਵਾਕ ਬਾਰੇ ਜਾਣਕਾਰੀ ਦਿਓ।

ਜਾਂ

ਤੁਹਾਨੂੰ ਆਪਣੇ ਦੇਸ਼ ਦੀ ਯਾਤਰਾ ਕਰਨ ਦਾ ਮੌਕਾ ਮਿਲਿਆ ਤੇ ਤੁਸੀਂ ਵੇਖਿਆ ਕਿ ਵੱਖ-ਵੱਖ ਸੂਬਿਆਂ ਅੰਦਰ ਰਹਿਣ ਵਾਲੇ ਨੌਜਵਾਨਾਂ ਦਾ ਰਹਿਣ-ਸਹਿਣ, ਖਾਣ-ਪੀਣ ਅਤੇ ਪਹਿਰਾਵਾ ਵੱਖੋ-ਵੱਖਰਾ ਹੋ ਸਕਦਾ ਹੈ। ਹੁਣ ਤੁਸੀਂ ਪੰਜਾਬ ਦੇ ਜਵਾਨਾਂ ਦਾ ਸੁਭਾਅ ਕਿਹੋ ਜਿਹਾ ਹੁੰਦਾ ਹੈ ਉਸ ਬਾਬਤ ਆਪਣੇ ਵਿਚਾਰ ਪ੍ਰਗਟ ਕਰੋ।

ਪ੍ਰ.2. **ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ —** (2)

ਮਨੁੱਖ ਨੂੰ ਆਪਣੇ ਜੀਵਨ ਵਿੱਚ ਹਰ ਕਿਸੇ ਨੂੰ ਪਿਆਰ ਨਾਲ ਬੋਲਣਾ ਚਾਹੀਦਾ ਹੈ ਤੇ ਇਸ ਦੀ ਆਰੰਭਤਾ ਵਿਦਿਆਰਥੀ ਜੀਵਨ ਵਿੱਚ ਹੀ ਹੁੰਦੀ ਹੈ। ਮਾੜੇ ਬੋਲ ਬੋਲਣ ਵਾਲਾ ਆਪ ਵੀ ਦੁਖੀ ਹੁੰਦਾ ਹੈ ਤੇ ਹੋਰਨਾਂ ਨੂੰ ਵੀ ਦੁਖੀ ਕਰਦਾ ਹੈ। ਮਿੱਠਾ ਬੋਲਣ ਵਾਲਾ ਮਨੁੱਖ ਆਪਣੇ ਜੀਵਨ ਅੰਦਰ ਕਦੇ ਵੀ ਹਾਰਦਾ ਨਹੀਂ ਹੈ, ਲਕੀਰੇ ਸ਼ਬਦ ਦਾ ਵਿਰੋਧੀ ਸ਼ਬਦ ਦੇ ਦੋ-ਦੋ ਵਾਕ ਬਣਾਓ।

ਜਾਂ

ਭਾਰਤ ਦੇ ਵੱਖ-ਵੱਖ ਸੂਬਿਆਂ ਅੰਦਰ ਨਦੀਆਂ, ਦਰਿਆ ਵਹਿੰਦੇ ਹਨ ਜੋ ਅਣਗਿਣਤ ਹਨ ਭਾਵੇਂ ਗੰਗਾ, ਜਮਨਾ ਵਰਗੀਆਂ ਨਦੀਆਂ ਹੋਣ। ਕਿਹੜੇ-ਕਿਹੜੇ ਦਰਿਆ ਦੇ ਨਾਂ ਉੱਤੇ ਪੰਜਾਬ ਦਾ ਨਾਂ ਪਿਆ ਉਹਨਾਂ ਬਾਰੇ ਜਾਣਕਾਰੀ ਦਿਓ।

ਪ੍ਰ.3. **ਕਿਸੇ ਇਕ ਪ੍ਰਸ਼ਨ ਦਾ ਉੱਤਰ 40-60 ਸ਼ਬਦਾਂ ਵਿੱਚ ਦਿਉ —** (2)

ਮਨੁੱਖ ਆਪਣੀ ਦਿੱਖ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਕੋਈ ਨਾ ਕੋਈ ਤਜ਼ਰਬਾ ਕਰਦਾ ਰਹਿੰਦਾ ਹੈ ਤੇ ਖਾਸ ਤੌਰ ਉੱਤੇ ਭਾਸ਼ਾ ਨੂੰ ਖਿੱਚ ਭਰਪੂਰ ਬਣਾਉਣ ਵਾਸਤੇ ਵੀ ਨਵੇਂ ਤੋਂ ਨਵੇਂ ਤਜ਼ਰਬੇ ਕਰਦਾ ਹੈ। ਕਿਸੇ ਵੀ ਭਾਸ਼ਾ ਦੀ ਜਿੰਦ-ਜਾਨ ਮੁਹਾਵਰੇ ਅਤੇ ਅਖਾਣ ਹੁੰਦੇ ਹਨ। ਇਹਨਾਂ ਵਿਚਲਾ ਸਪਸ਼ੱਟ ਅੰਤਰ ਸ਼ਬਦਾਂ ਵਿੱਚ ਲਿਖੋ।

ਜਾਂ

ਪੰਜਾਬੀਅਤ ਦੀ ਪਛਾਣ ਕਰਾਉਣ ਵਾਲੇ ਬਲਰਾਜ ਸਾਹਨੀ ਨੇ ਆਪਣੇ ਜੀਵਨ ਵਿੱਚ ਅਨੇਕਾਂ ਲੋਕਾਂ ਦੀ ਕਿਸੇ ਨਾ ਕਿਸੇ ਰੂਪ ਵਿੱਚ ਸਹਾਇਤਾ ਕੀਤੀ ਹੈ ਭਾਵੇਂ ਇਹ ਸਹਾਇਤਾ ਆਰਥਕ, ਸਾਹਿਤਕ, ਅਦਾਕਾਰੀ ਦੇ ਖੇਤਰ ਵਿੱਚ ਸੀ। ਇਸੇ ਤਰ੍ਹਾਂ ਉਹਨਾਂ ਦੀ ਮਸ਼ਹੂਰ ਰਚਨਾ 'ਅਥਰੂ' ਵਿੱਚ ਇਕ ਨੌਜਵਾਨ ਦੀ ਸਹਾਇਤਾ ਉਨ੍ਹਾਂ ਨੇ ਕਿਵੇਂ ਕੀਤੀ ਇਸ ਬਾਰੇ ਲਿਖੋ।

**ਪ੍ਰ.4. ਕਿਸੇ ਇਕ ਪ੍ਰਸ਼ਨ ਦਾ ਉੱਤਰ** 100-150 **ਸ਼ਬਦਾਂ ਵਿੱਚ ਦਿਉ —** (4)

ਸਦੀਆਂ ਪੁਰਾਣੀ ਸਾਡੇ ਦੇਸ ਦੀ ਸੰਸਕ੍ਰਿਤੀ ਹੈ ਕਿ ਦੁੱਖ ਵੇਲੇ ਹਰ ਕਿਸੇ ਦੀ ਸਹਾਇਤਾ ਬਿਨਾਂ ਕਿਸੇ ਭੇਦ-ਭਾਵ ਦੇ ਕੀਤੀ ਜਾਵੇ ਤੇ ਮੌਜੂਦਾ ਸਮੇਂ ਵਿੱਚ ਵੀ ਇਸ ਨੂੰ ਨਿਭਾਇਆ ਜਾ ਰਿਹਾ ਹੈ। ਪੰਜਾਬ ਦੇ ਜਵਾਨਾਂ ਵੱਲੋਂ ਦੂਜਿਆਂ ਦੀ ਸਹਾਇਤਾ ਕਿਵੇਂ ਕੀਤੀ ਜਾਂਦੀ ਹੈ ਇਸ ਬਾਰੇ ਆਪਣਾ ਉੱਤਰ ਦਿਓ।

ਜਾਂ

ਨਾਇਕ ਬਲਰਾਜ ਸਾਹਨੀ ਦਾ ਜੀਵਨ ਬਹੁਤ ਹੀ ਰੁੱਝਿਆ ਹੋਇਆ ਹੁੰਦਾ ਸੀ। ਇਸ ਦੇ ਬਾਵਜੂਦ ਉਹ ਸਾਹਿਤ ਰਚਨਾ ਵਿੱਚ ਵੀ ਆਪਣਾ ਯੋਗਦਾਨ ਦੇਣ ਦਾ ਉਪਰਾਲਾ ਕਰਦਾ ਰਹਿੰਦਾ ਸੀ। ਇੱਕ ਵਾਰੀ ਉਸ ਕੋਲ ਕੋਈ ਨੌਜਵਾਨ ਜਦੋਂ ਮਦਦ ਮੰਗਣ ਆਇਆ ਤਾਂ ਉਹ ਉਸ ਦੀ ਯੋਗਤਾ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸ ਨੌਜਵਾਨ ਦੀ ਕਿਹੜੀ ਯੋਗਤਾ ਨੇ ਬਲਰਾਜ ਸਾਹਨੀ ਨੂੰ ਪ੍ਰਭਾਵਿਤ ਕੀਤਾ ਇਸ ਬਾਰੇ ਆਪਣੇ ਵਿਚਾਰ ਲਿਖੋ।

**ਪ੍ਰ. 5. ਕਿਸੇ ਇਕ ਪ੍ਰਸ਼ਨ ਦਾ ਉੱਤਰ** 100-150 **ਸ਼ਬਦਾਂ ਵਿੱਚ ਦਿਉ —** (4)

ਅਸੀਂ ਆਪਣੇ ਜੀਵਨ ਵਿੱਚ ਕਿਸੇ ਨਾ ਕਿਸੇ ਤੋਂ ਜ਼ਰੂਰ ਪ੍ਰਭਾਵਿਤ ਹੁੰਦੇ ਹਾਂ ਤੇ ਉਸ ਦੀ ਸ਼ਖਸ਼ੀਅਤ ਅਨੁਸਾਰ ਆਪਣੇ ਜੀਵਨ ਨੂੰ ਢਾਲਣ ਦੀ ਕੋਸ਼ਿਸ਼ ਕਰਦੇ ਹਾਂ। ਇਹੋ ਜਿਹੀ ਸ਼ਖਸ਼ੀਅਤ 'ਬਲਵੰਤ ਗਾਰਗੀ' ਦੇ ਜੀਵਨ ਤੋਂ ਤੁਹਾਨੂੰ ਕੀ ਪ੍ਰੇਰਣਾ ਮਿਲਦੀ ਹੈ ਇਸ ਬਾਰੇ ਆਪਣੇ ਵਿਚਾਰ ਲਿਖੋ।

ਜਾਂ

ਕਰਾਮਾਤ ਕਹਾਣੀ ਵਿੱਚ ਸਿਰਲੇਖ ਅਨੁਸਾਰ ਕੋਈ ਕਰਾਮਾਤ ਘੱਟਦੀ ਹੋਈ ਨਜ਼ਰ ਨਹੀਂ ਆਉਂਦੀ। ਲੇਕਿਨ ਇਹ ਸਿਰਲੇਖ ਸਾਨੂੰ ਇੱਕ ਵੱਖਰੀ ਕਿਸਮ ਦਾ ਸੁਨੇਹਾ ਦਿੰਦਾ ਨਜ਼ਰ ਆਉਂਦਾ ਹੈ। ਉਹ ਸੁਨੇਹਾ ਕਿਹੜਾ ਹੈ? ਆਪਣੇ ਵਿਚਾਰ ਪ੍ਰਗਟ ਕਰੋ।

**ਪ੍ਰ. 6. ਕੋਈ ਇੱਕ ਪ੍ਰੋਜੈਕਟ ਬਣਾਓ—** (6)

'ਅੱਥਰੂ' ਡਾਇਰੀ ਅੰਸ਼ ਦੇ ਆਧਾਰ ਤੇ ਤੁਸੀਂ ਇਕ ਮਹੀਨੇ ਦੀ ਆਪਣੀ ਰੋਜ਼ਾਨਾ ਜੀਵਨ ਦੀ ਡਾਇਰੀ ਲਿਖੋ ਤੇ ਮਹੀਨੇ ਦੇ ਅਖੀਰ ਤੇ ਪੜਚੋਲ ਕਰੋ ਕਿ ਸਭ ਤੋਂ ਚੰਗਾ ਕੰਮ ਕਿਹੜਾ ਕੀਤਾ ਤੇ ਕਿਹੜੇ ਕੰਮ ਵਿੱਚ ਸੁਧਾਰ ਕਰਕੇ ਤੁਸੀਂ ਹੋਰ ਚੰਗੇ ਬਣ ਸਕਦੇ ਹੋ?

ਜਾਂ

ਭਾਰਤ 1947 ਵਿੱਚ ਅੰਗਰੇਜ਼ਾਂ ਤੋਂ ਆਜ਼ਾਦ ਹੋਇਆ ਸੀ ਤੇ ਇਸ ਦੇ ਦੋ ਟੁਕੜੇ ਵੀ ਹੋਏ ਸਨ। ਦੂਜਾ ਟੁਕੜਾ ਕਿਹੜੇ ਪ੍ਰਾਂਤ ਦਾ ਹੋਇਆ। ਉਸਦਾ 1947 ਤੋਂ ਪਹਿਲੇ ਦਾ ਨਕਸ਼ਾ ਤੇ ਮੌਜੂਦਾ ਨਕਸ਼ਾ ਤਿਆਰ ਕਰੋ ਤੇ ਮੌਜੂਦਾ ਪੰਜ ਪ੍ਰਮੁੱਖ ਸ਼ਹਿਰਾਂ ਨੂੰ ਚਿੰਨ੍ਹਤ ਕਰੋ।